ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ , ਚੰਡੀਗੜ੍ਹ
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212310

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)/(ਐ.ਸਿ), ਪੰਜਾਬ।
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ,ਪੰਜਾਬ (ਵੈਬਸਾਈਟ ਰਾਹੀਂ)
3. ਰਾਜ ਦੇ ਸਮੂਹ ਸੀਨੀਅਰ ਸੈਕੰਡਰੀ/ਹਾਈ/ਮਿਡਲ/ਪ੍ਰਾਇਮਰੀ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.ਏ.ਐਸ.ਪੀ.ਡੀ/ਪਲਾਨਿੰਗ/ਰਮਸਅ/2013/R005378 ਮਿਤੀ : 05.11.2013

ਵਿਸ਼ਾ:- ਤੰਬਾਕੂ ਮੁਕਤ ਸਕੂਲ/ਵਿਦਿਅਕ ਸੰਸਥਾਵਾਂ ਨੂੰ ਤੰਬਾਕੂ ਮੁਕਤ ਕਰਨ ਹਿੱਤ ਦਿਸ਼ਾ ਨਿਰਦੇਸ਼।
ਹਵਾਲਾ: ਡਿ.ਐਸ.ਪੀ.ਡੀ./ ਰਮਸਅ /2010/R054114 ਅਤੇ ਡਿ.ਐਸ.ਪੀ.ਡੀ./ ਰਮਸਅ/ 2010/R00432 ਮਿਤੀ 13-01-2011

ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦਿਵਾਉਦੇਂ ਇਕ ਵਾਰ ਫਿਰ ਲਿਖਿਆ ਜਾਂਦਾ ਹੈ ਕਿ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂਸਕੂਲ/ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਮੁਕਤ ਕਰਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

1. ਸਕੂਲ/ਸੰਸਥਾਂ ਦੇ ਮੁੱਖ ਗੇਟ ਕੋਲ ਬਾਹਰੀ ਦੀਵਾਰ ਤੇ "ਤੰਬਾਕੂ ਮੁਕਤ ਸਕੂਲ" ਜਾਂ "ਤੰਬਾਕੂ ਮੁਕਤ ਸੰਸਥਾਂ" ਦਾ ਬੋਰਡ ਲਗਾਇਆ ਜਾਵੇ ।
2. ਸਕੂਲ/ਵਿਦਿਅਕ ਸੰਸਥਾਵਾਂ ਦੇ ਅੰਦਰ ਅਤੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ ਦੀ ਮਨਾਹੀ ਹੋਵੇ ਅਤੇ ਇਸ ਸਬੰਧੀ ਜਰੂਰੀ ਸੰਕੇਤ (Signage) ਸਕੂਲ ਦੇ ਮੁੱਖ ਗੇਟ ਅਤੇ ਬਾਹਰੀ ਦਿਵਾਰਾਂ ਤੇ ਦਰਸਾਏ ਜਾਣ ।
3. ਸਕੂਲ/ਸੰਸਥਾ ਦੇ ਅਹਾਤੇ (ਕੈਂਪਸ) ਅੰਦਰ ਕੋਈ ਵੀ ਵਿਦਿਆਰਥੀ, ਅਧਿਆਪਕ , ਹੋਰ ਸਕੂਲ ਸਟਾਫ਼ ਅਤੇ ਬਾਹਰੋਂ ਆਉਣ ਵਾਲੇ ਵਿਅਕਤੀ ਕਿਸੇ ਵੀ ਤੰਬਾਕੂ ਉਤਪਾਦ ਦਾ ਸੇਵਨ ਨਹੀਂ ਕਰੇਗਾ ।
4. ਇਸ ਸਬੰਧੀ **"No Smoking Area- Smoking Here is Offence"** "ਤੰਬਾਕੂਨੋਸ਼ੀ-ਮੁਕਤ ਖੇਤਰ- ਇੱਥੇ ਤੰਬਾਕੂਨੋਸ਼ੀ ਅਪਰਾਧ ਹੈ" ਦੇ 60 × 30 ਸੈ.ਮੀ ਦੇ ਸੰਕੇਤ ਬੋਰਡ ਸਕੂਲ ਅਹਾਤੇ ਦੇ ਅੰਦਰ ਦਰਸਾਏ ਜਾਣ।
5. ਤੰਬਾਕੂ ਦੇ ਸਿਹਤ ਉਤੇ ਪੈਂਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਹਿੱਤ ਸਕੂਲਾਂ ਦੇ ਅੰਦਰ ਪੋਸਟਰ ਲਗਾਏ ਜਾਣ ਅਤੇ ਵਿਦਿਆਰਥੀਆਂ ਨੂੰ ਵੀ ਇਸ ਕਾਰਜ਼ ਲਈ ਪੋਸਟਰ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।
6. ਸਕੂਲ/ਸੰਸਥਾਂ ਦੇ ਪ੍ਰਿੰਸੀਪਲ /ਮੁੱਖੀ ਕੋਲ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਸਬੰਧੀ ਕਾਨੂੰਨ ਐਕਟ (COTPA 2003) ਦੀ ਕਾਪੀ ਹੋਣੀ ਚਾਹੀਦੀ ਹੈ।ਇਸ ਨੂੰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਵੈਬਸਾਈਟ www.mohfw.nic.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ।

7. ਸਕੂਲ/ਸੰਸਥਾ ਵਿੱਚ ਤੰਬਾਕੂ ਕੰਟਰੋਲ ਕਮੇਟੀ ਬਣਾਈ ਜਾਵੇ ਜਿਸ ਵਿੱਚ ਸਾਇੰਸ ਅਧਿਆਪਕ, ਸਕੂਲ ਕਾਉਂਸਲਰ (ਜੇਕਰ ਉਪਲੱਬਧ ਹੋਵੇ), NSS/NCC ਸਕਾਉਟ ਦੇ ਵਿਦਿਆਰਥੀ, ਘੱਟੋ-ਘੱਟੋ 2 ਵਿਦਿਆਰਥੀਆਂ ਦੇ ਮਾਪੇ, ਸਬੰਧਤ ਏਰੀਏ ਦਾ ਐਮ.ਐਲ.ਏ, ਐਸ.ਐਚ.ਓ , ਮਿਉਂਸਪਲ ਕਾਉਂਸਲਰ/ਪੰਚ, ਪੀ.ਆਰ.ਆਈ ਦਾ ਮੈਬਰ ਆਦਿ ਕਮੇਟੀ ਦੇ ਮੈਂਬਰ ਹੋਣਗੇ। ਇਸ ਕਮੇਟੀ ਦਾ ਚੇਅਰਮੈਨ ਸਕੂਲ/ਸੰਸਥਾ ਦਾ ਮੁੱਖੀ ਹੋ ਸਕਦਾ ਹੈ। ਇਹ ਕਮੇਟੀ ਸਕੂਲ/ਸੰਸਥਾ ਵਲੋਂ ਤੰਬਾਕੂ ਮੁਕਤ ਕਰਾਉਣ ਲਈ ਕੀਤੇ ਜਾ ਰਹੇ ਕੰਮਾਂ ਦੀ ਮੋਨੀਟਰਿੰਗ ਕਰੇਗੀ ਅਤੇ ਤਿਮਾਹੀ ਮੀਟਿੰਗ ਕਰਨ ਉਪਰੰਤ ਇਸ ਦੀ ਰਿਪੋਰਟ ਜਿਲ੍ਹਾ ਪ੍ਰਸ਼ਾਸਨ ਨੂੰ ਦਵੇਗੀ ।

8. ਸਕੂਲ/ਸੰਸਥਾ ਵਿੱਚ ਪਹਿਲਾਂ ਤੋਂ ਚੱਲ ਰਹੇ ਸਿਹਤ ਪ੍ਰੋਗਰਾਮਾਂ ਵਿੱਚ ਤੰਬਾਕੂ ਨਿਯੰਤਰਣ ਸਬੰਧੀ ਕੀਤੀ ਗਈ ਕਾਰਵਾਈਆਂ ਦੀ ਸ਼ਮੂਲੀਅਤ ਵੀ ਕੀਤੀ ਜਾਵੇ।

9. ਸਕੂਲ/ਸੰਸਥਾ ਦੀ ਸਟੇਸ਼ਨਰੀ ਉੱਤੇ ਤੰਬਾਕੂ-ਵਿਰੋਧੀ ਸਲੋਗਨ ਲਿਖੇ ਜਾਣ।

10. ਸਕੂਲ ਦੇ ਵਿਦਿਆਰਥੀਆਂ /ਅਧਿਆਪਕਾਂ/ਹੋਰ ਸਟਾਫ਼ ਵੱਲੋਂ ਤੰਬਾਕੂ ਵਿਰੋਧੀ ਕੀਤੇ ਜਾ ਰਹੇ ਕੰਮਾਂ ਨੂੰ ਸਕੂਲ/ਸੰਸਥਾ ਮੁੱਖੀ/ਪ੍ਰਿੰਸੀਪਲ ਦੁਆਰਾ ਉਤਸ਼ਾਹਿਤ ਕਰਦੇ ਹੋਏ ਸਬੰਧਤ ਵਿਅਕਤੀਆਂ ਨੂੰ ਪ੍ਰੰਸ਼ਸਾ ਪੱਤਰ ਜਾਂ ਐਵਾਰਡ ਦਿੱਤੇ ਜਾ ਸਕਦੇ ਹਨ।

11. ਰਾਜ ਸਿਹਤ ਵਿਭਾਗ ਦੇ ਰਾਜ ਨੋਡਲ ਅਫ਼ਸਰ ਨੂੰ ਤੰਬਾਕੂ-ਨਿਯੰਤਰਣ ਸਬੰਧੀ ਤਕਨੀਕੀ ਜਾਂ ਹੋਰ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ ।

12. ਉਕਤ ਤੋਂ ਇਲਾਵਾ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਲੋਗੋ ਦੀਆਂ ਕਾਪੀਆਂ (ਪੱਤਰ ਨਾਲ ਨੱਥੀ) ਸਾਰੇ ਸਕੂਲਾਂ/ਸੰਸਥਾਵਾਂ ਵਿੱਚ ਜਾਰੀ ਕੀਤੀਆਂ ਜਾਣ ਅਤੇ ਸਵੈ-ਘੋਸ਼ਣਾ ਪੱਤਰ (ਨਾਲ 'ਨੱਥੀ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਵਲੋਂ ਭਰ ਕੇ 31-12-2013 ਤੱਕ ਆਰ.ਐਮ.ਐਸ.ਏ ਪਲਾਨਿੰਗ ਦੀ ਈ.ਮੇਲ rmsaplanning@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ।

13. ਉਪਰੋਕਤ ਨਿਰਦੇਸ਼ਾ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।